15ਵੀਂ ਵਿਧਾਨ ਸਭਾ
ਚੌਥਾ ਸਮਾਗਮ

# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

## ਬੁੱਧਵਾਰ, 21 ਮਾਰਚ, 2018

## 3.30 ਵਜੇ

## (ਬਾਅਦ ਦੁਪਹਿਰ ਦੀ ਬੈਠਕ)

..................

I. **ਪ੍ਰਸ਼ਨ**

ਵੱਖ ਸੂਚੀ ਵਿਚ ਦਰਜ਼ ਪ੍ਰਸ਼ਨ ਪੁੱਛੇ ਜਾਣਗੇ ਅਤੇ ਉੱਤਰ ਦਿੱਤੇ ਜਾਣਗੇ।

II **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

1. ਇਕ ਮੰਤਰੀ — 1.4.2017 ਤੋਂ 31.12.2017 ਤੱਕ ਬਜਟ (2017-18) ਨਾਲ ਸਬੰਧਤ ਪ੍ਰਾਪਤੀਆਂ ਅਤੇ ਖਰਚਿਆਂ ਦੇ ਰੁਝਾਨ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

2. ਇਕ ਮੰਤਰੀ —
   **i)** ਅਧਿਸੂਚਨਾ ਨੰ.17/05/2016-5ਐਚਜੀ2/4415, ਮਿਤੀ 12.7.2017; ਅਤੇ

   **ii)** ਅਧਿਸੂਚਨਾ ਨੰ.17/05/2016-5ਐਚਜੀ2/4554, ਮਿਤੀ 4.8.2017,

   ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਰੀਅਲ ਅਸਟੇਟ (ਰੈਗੂਲੇਸ਼ਨ ਐਂਡ ਡਿਵੈਲਪਮੈਂਟ) ਐਕਟ, 2016 ਦੀ ਧਾਰਾ 86(2) ਅਧੀਨ ਲੋੜੀਂਦਾ ਹੈ।

III. **ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਅਤੇ ਵੋਟ ਮੁੜ ਆਰੰਭ ਕਰਨਾ**

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ ਵੱਲੋਂ ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ 21 ਮਾਰਚ, 2018 (ਸਵੇਰ ਦੀ ਬੈਠਕ) ਨੂੰ ਪੇਸ਼ ਕੀਤਾ ਗਿਆ ਜਿਸ ਦੀ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ ਵੱਲੋਂ ਪ੍ਰੋੜ੍ਹਤਾ ਕੀਤੀ ਗਈ:-

"ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:-

'ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 20 ਮਾਰਚ, 2018 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

ਚੰਡੀਗੜ੍ਹ
21 ਮਾਰਚ, 2018

Superintendent
Punjab Vidhan Sabha
Chandigarh

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।